BCM School Basant Avenue Dugri Ludhiana

Assignment VIII Punjabi

ਪ੍ਰਸ਼ਨ 1- ਅਣਡਿੱਠਾ ਪੈਰ੍ਹਾ

ਇਸ ਵਿੱਚ ਸ਼ੱਕ ਨਹੀਂ ਹੈ ਕਿ ਨਸ਼ੀਲੇ ਪਦਾਰਥਾਂ ਦਾ ਇਸਤੇਮਾਲ ਦੁਨੀਆ ਭਰ ਵਿੱਚ ਇਨਸਾਨੀ ਸਿਹਤ ਅਤੇ ਸਮਾਜ ਲਈ ਇੱਕ ਗੰਭੀਰ ਚੁਣੌਤੀ ਦਾ ਰੂਪ ਧਾਰਨ ਕਰ ਚੁੱਕਾ ਹੈ। ਅਜੋਕੀ ਤੇਜ਼ ਰਫ਼ਤਾਰ ਜ਼ਿੰਦਗੀ ਇਨਸਾਨ ਕੋਲੋਂ ਹਰ ਖੇਤਰ ਵਿੱਚ ਤੇਜ਼ ਰਫ਼ਤਾਰ ਦੀ ਮੰਗ ਕਰਦੀ ਹੈ, ਜਿਸ ਕਰ ਕੇ ਸਹਿਜ ਜੀਵਨ ਜਿਉਣ ਲਈ ਵੀ ਇਨਸਾਨ ਨੂੰ ਸੰਘਰਸ਼ ਦੀ ਹਾਲਤ ਵਿੱਚ ਰਹਿਣਾ ਪੈਂਦਾ ਹੈ। ਹਰ ਖੇਤਰ ਵਿੱਚ ਮੁਕਾਬਲੇਬਾਜ਼ੀ ਅਤੇ ਜ਼ਿਆਦਾ ਤੋਂ ਜ਼ਿਆਦਾ ਪੂੰਜੀ ਤੇ ਪਦਾਰਥਕ ਸੁੱਖ ਜਮ੍ਹਾਂ ਕਰਨ ਦੀ ਦੌੜ ਨੇ ਜ਼ਿੰਦਗੀ ਨੂੰ ਮਸ਼ੀਨੀ ਪੱਧਰ ਉੱਤੇ ਲੈ ਆਂਦਾ ਹੈ। ਮਾਨਸਿਕ ਅਤੇ ਆਤਮਿਕ ਪੱਧਰ ਉੱਤੇ ਇਨਸਾਨ ਭੌਤਿਕ ਵਾਤਾਵਰਨ ਨਾਲ ਤਾਲ-ਮੇਲ ਰੱਖਣ ਵਿੱਚ ਨਾਕਾਮਯਾਬ ਹੋ ਰਿਹਾ ਹੈ। ਆਮ ਆਦਮੀ ਦਾ ਜ਼ਿਆਦਾ ਸਮਾਂ ਜ਼ਿੰਦਗੀ ਦੀਆਂ ਮੁੱਢਲੀਆਂ ਲੋੜਾਂ ਪੂਰੀਆਂ ਕਰਨ ਵਿੱਚ ਹੀ ਲੱਗ ਜਾਂਦਾ ਹੈ, ਜਿਸ ਕਰ ਕੇ ਉਸ ਦੀਆਂ ਸਮਾਜਿਕ, ਮਾਨਸਿਕ ਤੇ ਆਤਮਿਕ ਲੋੜਾਂ ਅਧੂਰੀਆਂ ਰਹਿ ਜਾਂਦੀਆਂ ਹਨ। ਇਸ ਨਾਲ ਜ਼ਿੰਦਗੀ ਵਿੱਚ ਇੱਕ ਖ਼ਲਾਅ ਪੈਦਾ ਹੋ ਜਾਂਦਾ ਹੈ ਅਤੇ ਕਈ ਤਰ੍ਹਾਂ ਦੀਆਂ ਮਾਨਸਿਕ ਉਲਝਣਾਂ ਪੈਦਾ ਹੁੰਦੀਆਂ ਹਨ। ਨਸ਼ਾ ਵਿਰਤੀ ਵੀ ਇਸੇ ਖ਼ਲਾਅ ਨੂੰ ਪੂਰਿਆਂ ਕਰਨ ਦੇ ਯਤਨ ਵਜੋਂ ਹੀ ਸ਼ੁਰੂ ਹੁੰਦੀ ਹੈ। ਭੌਤਿਕ ਤੌਰ ਉੱਤੇ ਆਵਾਜਾਈ ਤੇ ਸੰਚਾਰ ਦੇ ਸਾਧਨਾਂ ਵਗ਼ੈਰਾ ਦੀ ਬਦੌਲਤ ਬੇਸ਼ਕ ਬਾਹਰੀ ਫ਼ਾਸਲੇ ਘਟੇ ਹਨ, ਪਰ ਸਮਾਜਿਕ, ਮਾਨਸਿਕ ਤੇ ਆਤਮਿਕ ਤੌਰ ‘ਤੇ ਇਨਸਾਨ ਤੇ ਇਨਸਾਨ ਵਿਚਲੀ ਦੂਰੀ ਵਧੀ ਹੈ। ਭੀੜ ਵਧਣ ਦੇ ਬਾਵਜੂਦ ਹਰ ਇਨਸਾਨ ਇਕੱਲਾ ਹੈ। ਨਤੀਜੇ ਵਜੋਂ ਆਪਣੇ ਦੁੱਖ ਵੀ ਉਸ ਨੂੰ ਇਕੱਲੇ ਨੂੰ ਹੀ ਝੱਲਣੇ ਪੈਂਦੇ ਹਨ। ਇਨਸਾਨ ਨੂੰ ਜਦ ਇਨਸਾਨ ਦਾ ਸਹਾਰਾ ਨਹੀਂ ਰਿਹਾ ਤਾਂ ਉਸ ਨੇ ਮਸਨੂਈ ਸਹਾਰੇ ਤਲਾਸ਼ ਕਰਨੇ ਸ਼ੁਰੂ ਕਰ ਦਿੱਤੇ, ਜਿਨ੍ਹਾਂ ਵਿੱਚ ਨਸ਼ੇ ਵੀ ਹਨ।

ਪ੍ਰਸ਼ਨ 1. ਸਿਹਤ ਤੇ ਸਮਾਜ ਲਈ ਗੰਭੀਰ ਚੁਣੌਤੀ ਕਿਹੜੀ ਹੈ?

(ੳ) ਨਸ਼ੀਲੇ ਪਦਾਰਥਾਂ ਦਾ ਸੇਵਨ. (ਅ) ਜ਼ਿੰਦਗੀ. (ੲ) ਪੂੰਜੀ। (ਸ) ਵਾਤਾਵਰਨ

ਪ੍ਰਸ਼ਨ 2. ਹਰ ਖੇਤਰ ਵਿੱਚ ਕਿਹੜੀ ਦੌੜ ਲੱਗੀ ਹੋਈ ਹੈ?

(ੳ) ਪੂੰਜੀ ਦੇਣ ਦੀ . (ਅ) ਮੁਕਾਬਲੇਬਾਜ਼ੀ ਦੀ (ੲ) ਸੰਚਾਰ ਸਾਧਨਾਂ ਦੀ. (ਸ) ਆਵਾਜਾਈ ਦੀ

ਪ੍ਰਸ਼ਨ3. ਆਮ ਆਦਮੀ ਦਾ ਜ਼ਿਆਦਾ ਵਕਤ ਕਿੱਥੇ ਬਤੀਤ ਹੋ ਜਾਂਦਾ ਹੈ?

(ੳ) ਮੁੱਢਲੀਆਂ ਲੋੜਾਂ ਪੂਰੀਆਂ ਕਰਨ ਵਿੱਚ (ਅ) ਸੰਚਾਰ ਦੇ ਸਾਧਨਾਂ ‘ਚ (ੲ) ਪਦਾਰਥਕ ਸੁੱਖਾਂ ਦੀ ਦੌੜ ਵਿੱਚ।
(ਸ) ਸਹਾਰੇ ਤਲਾਸ਼ਣ ਵਿੱਚ

ਪ੍ਰਸ਼ਨ 4.ਮਾਨਸਿਕ ਤੇ ਆਤਮਿਕ ਲੋੜਾਂ ਅਧੂਰੀਆਂ ਰਹਿ ਜਾਣ ਨਾਲ ਕੀ ਹੁੰਦਾ ਹੈ?

(ੳ) ਖ਼ਲਾਅ ਪੈਦਾ ਹੋ ਜਾਂਦਾ ਹੈ. (ਅ) ਮੇਲ-ਜੋਲ ਘੱਟ ਜਾਂਦਾ ਹੈ. (ੲ) ਬਿਮਾਰੀਆਂ ਵਧ ਜਾਂਦੀਆਂ ਹਨ. (ਸ) ਇਨਸਾਨ ਇਕੱਲਾ ਰਹਿ ਜਾਂਦਾ ਹੈ

ਪ੍ਰਸ਼ਨ5. ਪੈਰੇ ਦਾ ਢੁਕਵਾਂ ਸਿਰਲੇਖ ਦੱਸੋ।

(ੳ) ਮਨੁੱਖ ਤੇ ਨਸ਼ਾ. (ਅ) ਅਧੂਰੀਆਂ ਖ਼ਾਹਿਸ਼ਾਂ (ੲ) ਚਿੰਤਾਵਾਂ. (ਸ) ਇਕੱਲਤਾ

ਪ੍ਰਸ਼ਨ-2. ਕਾਵਿ ਟੁਕੜੀ

ਸੁਣੋ ਮਨੁੱਖਤਾ ਦੇ ਠੇਕੇਦਾਰੋ,ਅਣਜੰਮੀ ਬੱਚੀ ਨਾ ਮਾਰੋ ।

ਜ਼ੁਰਮ ਬੜਾ ਹੈ ਲੈਣੀ ਜਾਨ, ਇਸ ਗੱਲ ਵੱਲ ਕਰੋ ਧਿਆਨ।

ਇਸ ਲਈ ਫਾਂਸੀ ਚੜਨਾ ਪੈਣਾ, ਮਾਰ ਕੇ ਖੁਦ ਵੀ ਮਰਨਾ ਪੈਣਾ।

ਪ੍ਰਸ਼ਨ–ਉੱਤਰ

1. ਪ੍ਰਸ਼ਨ: ਕਿਸ ਨੂੰ ਮਾਰਨ ਦੀ ਗੱਲ ਤੇ ਫਾਂਸੀ ਚੜਨਾ ਪੈ ਸਕਦਾ ਹੈ?

2. ਪ੍ਰਸ਼ਨ: ਮਨੁੱਖਤਾ ਦਾ ਕੀ ਅਰਥ ਹੈ?

ਪ੍ਰਸ਼ਨ 3. ਪ੍ਰਸ਼ਨ/ ਉੱਤਰ

ਪ੍ਰਸ਼ਨ-1.- ਗੁਲਾਬ ਦੀ ਫ਼ਸਲ ਕਵਿਤਾ ਦਾ ਕੇਂਦਰੀ ਭਾਵ ਲਿਖੋ ?

ਪ੍ਰਸ਼ਨ-2. ਹੌਂਸਲਾ ਕਹਾਣੀ ਤੋਂ ਸਾਨੂੰ ਕੀ ਸਿੱਖਿਆ ਮਿਲਦੀ ਹੈ ?

3. ਨਾਰੀ ਦੀ ਸਥਿਤੀ ਨੂੰ ਸੁਧਾਰਨ ਲਈ ਕਿਹੜੇ- ਕਿਹੜੇ ਸਮਾਜ ਸੁਧਾਰਕਾਂ ਨੇ ਕੰਮ ਕੀਤਾ?

ਪ੍ਰਸ਼ਨ ੪. ਵੱਡੇ ਪ੍ਰਸ਼ਨ- “ਕੀ ਬੋਲੀ ਜਾ ਰਹੀ ਐ ?ਥੋੜੀ ਦੇਰ ਪਹਿਲਾਂ ਤਾਂ ਮੈਂ ਰੇਤ ਵਿੱਚ ਮੂੰਹ ਰਗੜ ਕੇ ਸਾਫ਼ ਕੀਤਾ ਹੈ।” ਇਹ ਸ਼ਬਦ ਕਿਸ ਨੇ ਕਿਸ ਨੂੰ ਕਦੋਂ ਕਹੇ?

2 ਸਾਡੇ ਸਮਾਜ ਵਿੱਚ ਨਾਰੀ ਨੂੰ ਪੁਰਖਾਂ ਦੇ ਬਰਾਬਰ ਦਰਜਾ ਕਿਉਂ ਨਹੀਂ ਦਿੱਤਾ ਜਾਂਦਾ ਤੇ ਸਰਕਾਰ ਨਾਰੀ ਸ਼ਕਤੀਕਰਨ ਲਈ ਕੀ ਕਰ ਰਹੀ ਹੈ?

ਪ੍ਰਸ਼ਨ 5.ਪਾਠ- ਪੁਸਤਕ ਅਭਿਆਸ

1.ਸ਼ਬਦ ਅਰਥ - ਹਰਜ਼, ਥਾਪਣਾ,ਰੱਤ ਸ੍ਰਿਸ਼ਟੀ

2.ਵਾਕ ਬਣਾਓ -ਹੌਸਲੇ, ਰੋਅਬ ਝਾੜਨਾ

3.ਲਿੰਗ ਬਦਲੋ- ਹਿਰਨ ਤੇ ਗਿੱਦੜ ਦੌੜ ਲਗਾ ਰਹੇ ਹਨ।

ਨਾਈ ਨੇ ਬੱਚੇ ਦੇ ਵਾਲ਼ ਕੱਟੇ।

4. 'ਜੋ ਦੇਸ ਲਈ ਕੁਰਬਾਨ ਹੋਵੇ' ਵਾਕ ਲਈ ਇੱਕ ਸ਼ਬਦ ਲਿਖੋ।

5. ਹੇਠ ਦਿੱਤੇ ਵਾਕਾਂ ਅੱਗੇ ਸਹੀ /ਗ਼ਲਤ ਦਾ ਨਿਸ਼ਾਨ ਲਗਾਓ -:

1. ਰਾਜਾ ਰਾਮ ਮੋਹਨ ਰਾਏ ਨੇ ਸਤੀ ਪ੍ਰਥਾ ਨੂੰ ਬੰਦ ਕਰਵਾਇਆ।

2 ਗੁਲਾਬ ਦੀ ਫ਼ਸਲ ਕਵਿਤਾ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਚਾਰੋਂ ਸਾਹਿਬਜ਼ਾਦਿਆਂ ਦਾ ਜ਼ਿਕਰ ਕੀਤਾ ਗਿਆ ਹੈ।